रोल नं.

Roll No.

005

मुद्रित पृष्ठों की संख्या : 4

No. of printed pages : 4

205 (HOC)

# 2022
# पंजाबी

समय : 3 घण्टे]
Time : 3 Hours]

[पूर्णांक : 100
[Max. Marks : 100

ਭਾਗ—ੳ

ਸਾਫ਼ ਅਤੇ ਸਪਸ਼ਟ ਲਿਖਤ ਵਿੱਚ ਪ੍ਰਸ਼ਨਾਂ ਦੇ ਉੱਤਰ ਦਿਉ।

1. (ੳ) (i) ਪਰ (ਅਗੇਤਰ ਵਾਲੇ ਦੋ ਸ਼ਬਦ ਬਣਾਓ) 3
   (ii) ਆਲੂ (ਪਿਛੇਤਰ ਵਾਲੇ ਦੋ ਸ਼ਬਦ ਬਣਾਓ)
   (iii) ਪਰਮ + ਆਤਮਾ (ਸਮਾਸੀ ਸ਼ਬਦ)

   (ਅ) ਹੇਠ ਲਿਖੇ ਵਾਕ ਵਿਚੋਂ ਨਾਂਵ ਸ਼ਬਦ ਦੀ ਪਦ-ਵੰਡ ਕਰੋ। 3

   ਭਾਰਤ ਏਸ਼ੀਆ ਮਹਾਂਦੀਪ ਵਿਚ ਹੈ।

   (ੲ) ਹੇਠ ਲਿਖੇ ਸ਼ਬਦਾਂ ਨੂੰ ਸ਼ੁਧ ਕਰਕੇ ਲਿਖੋ। 2 + 1=3

   (i) ਦੁਦ, ਬਹੌਤ, ਵਜਾਹ, ਆਰੰਬ

   (ii) ਵਾਕ ਨੂੰ ਸ਼ੁਧ ਕਰੋ।

   ਪਕੜਿਆ ਗਿਆ ਹੈ ਉਹ ਆਦਮੀ ਜਿਨੇ ਚੋਰੀ ਕੀਤੀ ਸੀ।

   (ਸ) (i) ਮੈਂ ਆਪਣੀ ਗਲਤੀ ਮੰਨਦਾ ਹਾਂ (ਨਾਂਹ ਵਾਚਕ ਵਾਕ ਬਣਾਓ) 3

   (ii) ਇਹ ਗਿਲਾਸ ਕਿਸ ਤੋਂ ਟੁੱਟਿਆ (ਕਰਮਣੀ ਵਾਕ ਬਦਲੋ)

   (iii) ਬੱਚੇ ਪੜ੍ਹ ਰਹੇ ਹਨ (ਪ੍ਰਸ਼ਨ ਵਾਚਕ ਵਾਕ ਬਣਾਓ)

   (ਹ) ਵਿਸਰਾਮ ਚਿੰਨ੍ਹ ਲਗਾਓ—

   ਇਕ ਸਿੱਖ ਨੇ ਆ ਕੇ ਗੁਰੂ ਨਾਨਕ ਦੇਵ ਜੀ ਤੋਂ ਪੁੱਛਿਆ ਪਾਤਸ਼ਾਹ ਮੈਂ ਬਾਣੀ ਤਾਂ ਹਰ ਰੋਜ ਪੜ੍ਹਦਾ ਹਾਂ ਫਿਰ ਵੀ ਭਟਕਦਾ ਹੀ ਫਿਰਦਾ ਹੈ ਅਜੇ ਤਕ ਸ਼ਾਂਤੀ ਨਹੀਂ ਮਿਲੀ 3

2. (ੳ) ਹੇਠ ਲਿਖਿਆਂ ਮੁਹਾਵਰਿਆਂ ਵਿਚੋਂ ਕਿਸੇ ਤਿੰਨ ਨੂੰ ਵਾਕਾਂ ਵਿੱਚ ਵਰਤ ਕੇ ਸਪਸ਼ਟ ਕਰੋ- 3

   ਚਾਂਦੀ ਦੀ ਜੁੱਤੀ ਮਾਰਨੀ, ਜਾਨ ਤਲੀ ਤੇ ਧਰਨਾ, ਸਾਹ ਸੁੱਕ ਜਾਣਾ, ਹੱਥੀ ਛਾਵਾਂ ਕਰਨੀਆਂ, ਤੱਤੀ ਵਾ ਨਾ ਲੱਗਣੀ

   (ਅ) ਹੇਠ ਲਿਖੇ ਅਖਾਣ ਕਿਹੜੇ ਵਿਸ਼ੇਸ਼ ਮੌਕਿਆਂ ਤੇ ਵਰਤੇ ਜਾਂਦੇ ਹਨ) 2

   ਇਕ ਅਨਾਰ ਸੌ ਬਿਮਾਰ, ਕਰ ਸੇਵਾ ਤੇ ਖਾਹ ਮੇਵਾ



https://www.ukboardonline.com

3. ਹੇਠ ਲਿਖਿਆਂ ਵਿਸ਼ਿਆਂ ਵਿਚੋਂ ਕਿਸੇ ਇਕ ਉਪਰ ਲਗਭਗ 200–225 ਸ਼ਬਦਾਂ 'ਚ ਨਿਬੰਧ ਲਿਖੋ। 12

(ੳ) ਵਿਦਿਆਰਥੀ ਤੇ ਅਨੁਸ਼ਾਸ਼ਨ

(ਅ) ਕਿਸੇ ਇਤਿਹਾਸਕ ਸਥਾਨ ਦੀ ਯਾਤਰਾ

(ੲ) ਕੰਪਿਊਟਰ ਦੇ ਲਾਭ

(ਸ) ਸਮੇਂ ਦੀ ਕਦਰ

4. ਆਪਣੇ ਭਰਾ ਨੂੰ ਖੇਡਾਂ ਦਾ ਮਹੱਤਵ ਦੱਸਦੇ ਹੋਏ, ਪੜ੍ਹਾਈ ਦੇ ਨਾਲ–ਨਾਲ ਖੇਡਾਂ 'ਚ ਹਿੱਸਾ ਲੈਣ ਲਈ ਪ੍ਰੇਰਿਤ ਕਰੋ। 8

**ਜਾਂ**

ਕਿਸੇ ਅਖ਼ਬਾਰ ਦੇ ਸੰਪਾਦਕ ਨੂੰ ਆਪਣੇ ਇਲਾਕੇ 'ਚ ਦਿਨ ਪ੍ਰਤੀ ਦਿਨ ਚੋਰੀ ਦੀਆਂ ਵਧ ਰਹੀਆਂ ਘਟਨਾਵਾਂ ਪ੍ਰਤੀ ਸਜਗ ਹੋਣ ਦੀ ਜ਼ਰੂਰਤ ਬਾਰੇ ਲਿਖਣ ਲਈ ਪੱਤਰ ਲਿਖੋ।

5. ਹੇਠ ਲਿਖੇ ਪੈਰ੍ਹੇ ਨੂੰ ਸੰਖੇਪ ਕਰਕੇ ਲਿਖੋ ਅਤੇ ਇਸ ਦਾ ਢੁਕਵਾਂ ਸਿਰਲੇਖ ਲਿਖੋ। 8+2 = 10

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਨੁੱਖ ਮਾਤਰ ਦੀ ਏਕਤਾ ਵਿੱਚ ਵਿਸ਼ਵਾਸ ਰੱਖਦੇ ਸਨ। ਆਪ ਦੀ ਲੜਾਈ ਜ਼ਾਲਮ ਤੇ ਜਾਬਰ ਵਿਰੁੱਧ ਸੀ। ਇਹੋ ਹੀ ਕਾਰਨ ਹੈ ਕਿ ਹਰ ਵਿਰਕੇ ਦੇ ਯੋਧੇ ਆਪ ਦੀ ਸੈਨਾ ਵਿੱਚ ਫੌਜੀ ਅਫ਼ਸਰ ਦੀ ਪਦਵੀ ਨੂੰ ਗ੍ਰਹਿਣ ਕਰਕੇ ਜ਼ੁਲਮ ਦਾ ਟਾਕਰਾ ਕਰਨ ਲਈ ਫ਼ਖਰ ਮਹਿਸੂਸ ਕਰਦੇ ਸਨ। ਪੀਰ ਬੁੱਧੂ ਸ਼ਾਹ ਦਾ ਆਪ ਜੀ ਦੀ ਸੈਨਾ ਵਿੱਚ ਸ਼ਾਮਲ ਹੋਣਾ ਇਕ ਪ੍ਰਮੁੱਖ ਪ੍ਰਮਾਣ ਹੈ। ਬਹੁਤ ਸਾਰੇ ਹਿੰਦੂ ਕਵੀਆਂ ਦੀ ਸਰਪ੍ਰਸਤੀ ਵੀ ਆਪ ਜੀ ਨੇ ਕੀਤੀ। ਆਪ ਜੀ ਦਾ ਸਾਰਾ ਜੀਵਨ ਹੀ ਜੰਗਾਂ–ਯੁਧਾਂ ਤੇ ਜਦੋ–ਜਹਿਦ ਵਿੱਚ ਲੰਘਿਆ।

**ਭਾਗ—ਅ**

6. ਆਪਣੀਆਂ ਪਾਠ–ਪੁਸਤਕਾਂ ਦੇ ਆਧਾਰ 'ਤੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਸੰਖੇਪ ਵਿੱਚ ਲਿਖੋ। 8 × 1 = 8

(ੳ) 'ਮਾਂ ਦਾ ਦਿਲ' ਕਵਿਤਾ ਦਾ ਕਵੀ ਕੌਣ ਹੈ ?

(ਅ) ਅੰਨ੍ਹਾਂ ਆਗੂ ਕੀ ਕਰਦਾ ਹੈ ?

(ੲ) ਸ਼ੇਖ ਫਰੀਦ ਜੀ ਦੇ ਆਦਿ ਗ੍ਰੰਥ ਵਿੱਚ ਕਿੰਨੇ ਸ਼ਬਦ 'ਤੇ ਸ਼ਲੋਕ ਹਨ ?

(ਸ) ਗੁਰਬਚਨ ਸਿੰਘ ਭੁੱਲਰ ਨੇ ਪਹਿਲੀ ਨੌਕਰੀ ਕਿਹੜੀ ਕੀਤੀ ?

(ਹ) ਜੀਤੀ ਦੀ ਮਾਂ ਦਾ ਸੁਭਾਅ ਕਿਹੋ ਜਿਹਾ ਸੀ ?

(ਕ) ਬਲਰਾਜ ਸਾਹਨੀ ਦੇ ਪਿੰਡ ਦੇ ਚੌਧਰੀ ਦਾ ਕੀ ਨਾਂ ਸੀ ?

(ਖ) ਵਲੀ ਕੰਧਾਰੀ ਕੌਣ ਸੀ ?

(ਗ) 'ਕਸਤੂਰੀ ਵਾਲਾ ਮਿਰਗ' ਤੋਂ ਕੀ ਭਾਵ ਹੈ ?



https://www.ukboardonline.com

7. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਆਪਣੀਆਂ ਪਾਠ-ਪੁਸਤਕਾਂ ਦੇ ਆਧਾਰ ਤੇ ਲਿਖੋ— 9 × 2 = 18

(ੳ) ਬਾਬਰ ਦੇ ਹਮਲੇ ਸਮੇਂ ਭਾਰਤ ਦੇ ਹਾਲਾਤ ਕਿਸ ਤਰ੍ਹਾਂ ਦੇ ਸਨ ?

(ਅ) ਜੀਤੀ ਨੂੰ ਆਪਣੀ ਮਾਂ ਤੇ ਗੁੱਸਾ ਕਿਉਂ ਆਉਂਦਾ ਸੀ ?

(ੲ) ਦੁਕਾਨਦਾਰ ਖਾਈਆਂ ਜਾਣ ਵਾਲੀਆਂ ਚੀਜ਼ਾਂ ਵਿੱਚ ਕੀ-ਕੀ ਮਿਲਾਵਟਾਂ ਕਰਦੇ ਸਨ ?

(ਸ) ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਪਹਿਲਾ ਨਾਂ ਕੀ ਸੀ ? ਤੇ ਤੇਗ ਬਹਾਦਰ ਨਾਂ ਕਿਵੇ ਪਿਆ ?

(ਹ) 'ਕਸਤੂਰੀ ਵਾਲਾ ਮਿਰਗ' ਦਾ ਪਾਤਰ ਸ੍ਰ. ਉਤਮ ਸਿੰਘ ਸੰਧੂ ਦਾ ਆਪਣੇ ਪੁੱਤਰਾਂ ਨਾਲ ਕੀ ਝਗੜਾ ਸੀ ?

(ਕ) ਧਰਮ ਬਾਰੇ ਟਾਲਸਟਾਇ ਦੇ ਕੀ ਵਿਚਾਰ ਹਨ ?

(ਖ) ਪੰਜਾ ਸਾਹਿਬ ਦਾ ਸਾਕਾ ਕੀ ਹੈ ?

(ਗ) ਆਪਣਾ ਘਰ ਦੇਖ ਕੇ ਲੇਖਕ ਭਾਵਕ ਕਿਉਂ ਹੋ ਗਿਆ।

(ਘ) ਡਾ. ਰਾਧਾ ਕ੍ਰਿਸ਼ਨਨ ਦਾ ਭਾਰਤ ਤੇ ਵਿਦੇਸ਼ਾਂ ਵੱਲੋਂ ਕਿਉ ਸਨਮਾਨ ਕੀਤਾ ਗਿਆ ?

8. 'ਦੁਸ਼ਮਣ' ਇਕਾਂਗੀ ਵਿੱਚ ਨਾਟਕਾਰ ਕੀ ਦੱਸਣਾ ਚਾਹੁੰਦਾ ਹੈ, ਆਪਣੇ ਸ਼ਬਦਾਂ ਵਿੱਚ ਲਿਖੋ। 5

9. ਗਿਆਨੀ ਗੁਰਦਿਤ ਸਿੰਘ ਦੁਆਰਾ ਰਚਿਤ ਨਿਬੰਧ 'ਵੱਡੇ ਵਡੇਰੇ' ਵਿੱਚ ਪੰਜਾਬ ਦੇ ਲੋਕਾਂ ਦੇ ਵਿਸ਼ੇ ਵਿੱਚ ਕੀ ਦੱਸਿਆ ਹੈ ? 5

10. ਹੇਠ ਲਿਖੇ ਪੈਰ੍ਹੇ ਨੂੰ ਪੜ ਕੇ ਦਿੱਤੇ ਹੋਏ ਪ੍ਰਸ਼ਨਾਂ ਦੇ ਉੱਤਰ ਲਿਖੋ—

"......ਦੇਖ ਤਾਂ ਕੀ ਪਖੰਡ ਜਿਹੇ ਕਰਦੀ ਐ। ਸਾਰਾ ਦਿਨ ਸੁੰਨ ਵੱਟਾ ਜਿਹਾ ਬਣੀ ਰਹਿੰਦੀ ਐ, ਨਾ ਕੋਈ ਕੰਮ ਕਰੇ ਨਾ ਧੰਦਾ।"

(ੳ) ਇਹ ਪੈਰ੍ਹਾ ਕਿਸ ਕਹਾਣੀ ਵਿਚੋਂ ਲਿਆ ਗਿਆ ਹੈ ? 1

(ਅ) ਇਸ ਕਹਾਣੀ ਦਾ ਲੇਖਕ ਕੌਣ ਹੈ ? 1

(ੲ) ਉਪਰੋਕਤ ਕਥਾ-ਅੰਸ਼ ਕਿਸ ਪਾਤਰ ਦੁਆਰਾ ਕਿਸ ਬਾਰੇ ਕਿਹਾ ਗਿਆ ਹੈ ? 1

(ਸ) ਇਸ ਕਥਾ-ਅੰਸ਼ ਵਿੱਚ ਕਹਾਣੀਕਾਰ ਕੀ ਕਹਿਣਾ ਚਾਹੁੰਦੀ ਹੈ ? 1

11. ਹੇਠ ਲਿਖੀਆਂ ਕਾਵਿ-ਸੱਤਰਾਂ ਦੇ ਆਧਾਰ 'ਤੇ ਪ੍ਰਸ਼ਨਾਂ ਦੇ ਉੱਤਰ ਲਿਖੋ—

(ੳ) ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜਗੁ ਚਾਨਣ ਹੋਆ॥
ਜਿਓ ਕਰ ਸੂਰਜ ਨਿਕਲਿਆ ਤਾਰੇ ਛਪੇ ਅੰਧੇਰ ਪਲੋਆ॥

(ੳ) ਉਪਰੋਕਤ ਕਾਵਿ-ਬੰਦ ਦੇ ਕਵੀ ਦਾ ਨਾਂ ਦੱਸੋ। 1

(ਅ) ਕਾਵਿ-ਬੰਦ ਦਾ ਅੰਤਰੀਵ ਭਾਵ ਦੱਸੋ। 2

(ੲ) ਗੁਰੂ ਨਾਨਕ ਦੇਵ ਜੀ ਕਿਸ ਯੁੱਗ ਵਿਚ ਪ੍ਰਗਟ ਹੋਏ। 1

(ਸ) ਗੁਰੂ ਨਾਨਕ ਦੇਵ ਜੀ ਦੇ ਪ੍ਰਗਟ ਹੋਣ ਤੋਂ ਪਹਿਲਾਂ ਸੰਸਾਰ ਦੀ ਅਵਸਥਾ ਕਿਹੋ ਜਿਹੀ ਸੀ? 1



https://www.ukboardonline.com

(ਅ) ਅਮਨ ਦਾ ਇਹ ਅਹਿਦਨਾਮਾਂ, ਆਓ ਦੁਨੀਆਂ ਵਾਲਿਓਂ ਦਸਖਤ ਕਰੋ।

ਕਾਗਜ਼ ਹੈ ਤਕਦੀਰ ਦਾ, ਤੇ ਕਲਮ ਹੈ ਤਦਬੀਰ ਦੀ

ਅੱਜ ਕਲਮ ਦੇ ਵਿਚ ਅਸਲ ਦੀ ਸਿਆਹੀ ਭਰੋ! ਦਸਖਤ ਕਰੋ।

ਨਫ਼ਰਤ ਦੀ ਕਾਲੀ ਰਾਤ ਹੈ, ਨਫ਼ਰਤ ਦੀ ਕਾਲੀ ਬਾਤ ਹੈ

ਠੋਹਕਰ ਨਾ ਲੱਗੇ ਇਲਮ ਨੂੰ, ਠੋਹਕਰ ਨਾ ਲੱਗੇ ਕਲਮ ਨੂੰ

ਦਿਲ ਦਾ ਚਿਰਾਗ ਬਾਲਕੇ ਸਾਹਣੇ ਧਰੋ ਦਸਖਤ ਕਰੋ।

(ੳ) ਅੰਮ੍ਰਿਤਾ ਪ੍ਰੀਤਮ ਨੇ ਦੁਨੀਆਂ ਵਾਲਿਆਂ ਨੂੰ ਕਿਸ ਅਹਿਦਨਾਮੇ ਤੇ ਦਸਖ਼ਤ ਕਰਨ ਲਈ ਕਿਹੇ ਹੈ ? 1

(ਅ) ਅਮਨ ਨਾ ਹੋਣ ਕਰਕੇ ਲੋਕਾਂ ਵਿੱਚ ਕਿਸ ਤਰ੍ਹਾਂ ਦੀ ਭਾਵਨਾ ਪੈਦਾ ਹੋ ਚੁੱਕੀ ਹੈ ? 2

(ੲ) ਦਸਖ਼ਤ ਕਰਨ ਲਈ ਕਿਹੜੇ ਲੋਕਾਂ ਨੂੰ ਸੱਦਾ ਦਿੱਤਾ ਗਿਆ ਹੈ ? 1

(ਸ) ਅਮਨ ਦਾ ਸੰਸਾਰ ਤੇ ਕੀ ਪ੍ਰਭਾਵ ਪਵੇਗਾ ? 1

**https://www.ukboardonline.com**
**Whatsapp @ 9300930012**
**Send your old paper & get 10/-**
**अपने पुराने पेपर्स भेजे और 10 रुपये पायें,**
**Paytm or Google Pay से**



https://www.ukboardonline.com